Australian Government
Department of Social Services



# ਜਿਨਸੀ ਹਮਲੇ / ਜਬਰ-ਜਨਾਹ

## ਆਸਟ੍ਰੇਲੀਆ ਵਿੱਚ, ਕਿਸੇ ਤੇ ਜਿਨਸੀ ਹਮਲੇ ਕਰਨਾ ਕਾਨੂੰਨ ਦੇ ਵਿਰੁੱਧ ਹੈ।

ਕੋਈ ਵੀ ਵਿਅਕਤੀ ਜੋ ਜਿਨਸੀ ਵਧੀਕੀ ਕਰਦਾ ਹੈ, ਜੇਲ੍ਹ ਜਾ ਸਕਦਾ ਹੈ, ਭਾਵੇਂ ਉਹ ਆਦਮੀ ਹੈ ਜਾਂ ਔਰਤ।

ਜੇ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ, ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** 'ਤੇ ਕੱਲ ਕਰੋ।
ਅੱਸਟ੍ਰੇਲੀਆ ਵਿੱਚ ਪੁਲਿਸ ਸੁਰੱਖਿਅਤ ਹੈ ਅਤੇ ਤੁਸੀਂ ਉਸ 'ਤੇ ਵਿਸ਼ਵਾਸ ਕਰ ਸਕਦੇ ਹੋ।
ਮੁਫ਼ਤ ਅਤੇ ਗੁਪਤ ਸਲਾਹਕਾਰੀ ਅਤੇ ਜਾਣਕਾਰੀ ਲਈ **1800 737 732** 'ਤੇ 1800RESPECT ਨੂੰ ਕੱਲ ਕਰੋ।
ਜੇ ਤੁਹਾਨੂੰ ਮੁਫ਼ਤ ਦੁਭਾਸ਼ੀਏ (interpreter) ਦੀ ਜ਼ਰੂਰਤ ਹੈ, ਤਾਂ **131 450** 'ਤੇ ਕੱਲ ਕਰੋ।

## ਆਸਟ੍ਰੇਲੀਅਨ ਸਰਕਾਰ (Australian Government) ਜਿਨਸੀ ਹਮਲਿਆਂ ਨੂੰ ਕਿਸੇ ਵੀ ਹਾਲਾਤ ਵਿੱਚ ਬਰਦਾਸ਼ਤ ਨਹੀਂ ਕਰਦੀ।

ਜਿਨਸੀ ਵਧੀਕੀ ਕਿਸੇ ਦੇ ਨਾਲ ਉਸ ਦੀ ਸਹਿਮਤੀ ਤੋਂ ਬਗੈਰ ਕੀਤੀ ਜਾਂਦੀ ਹੈ।ਆਪਣੇ ਜੋੜੀਦਾਰ, ਸਾਥੀ ਜਾਂ ਪਰਿਵਾਰਕ ਮੈਂਬਰ ਤੇ ਜਿਨਸੀ ਹਮਲਾ ਕਰਨਾ ਕਾਨੂੰਨ ਦੇ ਵਿਰੁੱਧ ਹੈ।

ਜਿਨਸੀ ਹਮਲੇ ਵਿੱਚ ਇਹ ਮੱਦਾਂ ਸ਼ਾਮਲ ਹੋ ਸਕਦੀਆਂ ਹਨ:

- ਕਿਸੇ ਨੂੰ ਸੰਭੋਗ ਲਈ ਮਜਬੂਰ ਕਰਨਾ ਜਾਂ ਕਾਮ-ਤ੍ਰਿਪਤੀ ਵਾਲੀਆਂ ਕ੍ਰਿਆਵਾਂ ਕਰਨੀਆਂ;
- ਅਸ਼ਲੀਲ ਤਸਵੀਰਾਂ ਵੇਖਣ ਲਈ ਕਿਸੇ ਨੂੰ ਮਜਬੂਰ ਕਰਨਾ; ਜਾਂ
- ਕਿਸੇ ਬੱਚੇ ਨਾਲ ਸੰਭੋਗ ਜਾਂ ਕਾਮ ਵਾਸਨਾ ਦੀਆਂ ਕ੍ਰਿਆਵਾਂ ਕਰਨਾ।

## ਔਰਤਾਂ ਦੇ ਹੱਕ ਉਹੀ ਹਨ ਜੋ ਆਦਮੀਆਂ ਦੇ।

ਆਸਟ੍ਰੇਲੀਆ ਵਿੱਚ ਕਾਨੂੰਨ, ਔਰਤਾਂ ਅਤੇ ਆਦਮੀਆਂ ਨਾਲ ਬਰਾਬਰ ਦਾ ਸਲੂਕ ਕਰਦਾ ਹੈ।

ਹਰ ਕਿਸੇ ਨੂੰ ਆਪਣੇ ਪਰਿਵਾਰਾਂ, ਦੋਸਤਾਂ ਅਤੇ ਅਜ਼ੀਜ਼ਾਂ ਨਾਲ ਸੁਚੱਜੇ ਤੇ ਸੁਰੱਖਿਅਤ ਨਾਤੇ ਮਾਣਨ ਦਾ ਅਧਿਕਾਰ ਹੈ।ਹਿੰਸਾ ਕਦੇ ਵੀ ਜਾਇਜ਼ ਨਹੀਂ।ਕਿਸੇ ਨੂੰ ਵੀ ਨੁਕਸਾਨ ਪਹੁੰਚਾਏ ਜਾਣਾ ਸਵੀਕਾਰਨ ਦੀ ਲੋੜ ਨਹੀਂ।

## ਤੁਹਾਡੀ ਮਦਦ ਲਈ ਆਸਟ੍ਰੇਲੀਆ ਵਿੱਚ ਸੰਵੇਦਨਸ਼ੀਲ ਸੱਭਿਆਚਾਰਕ ਮਸਲਿਆਂ ਲਈ, ਸੇਵਾਵਾਂ ਮੌਜੂਦ ਹਨ।

**1800RESPECT**, ਜਿਨਸੀ ਹਮਲੇ, ਪਰਿਵਾਰਕ ਤੇ ਘਰੇਲੂ ਹਿੰਸਾ ਸਬੰਧਤ, ਆਸਟ੍ਰੇਲੀਆ ਦੀ ਰਾਸ਼ਟਰੀ ਸਲਾਹਕਾਰੀ ਸੇਵਾ ਹੈ।ਇਹ ਮੁਫ਼ਤ ਅਤੇ ਗੁਪਤ, ਟੈਲੀਫੋਨ ਅਤੇ ਔਨਲਾਈਨ, ਸਲਾਹ ਮਸ਼ਵਰਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ।ਸਲਾਹਕਾਰ ਤੁਹਾਨੂੰ ਸੁਣਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਤੁਹਾਡੇ ਇਲਾਕੇ ਦੀਆਂ ਹੋਰ ਸਹਾਰਾ ਸੇਵਾਵਾਂ ਦੀ ਦੱਸ ਪਾਉਂਦੇ ਹਨ।

**1800 737 732** ਤੇ ਫੋਨ ਕਰੋ ਜਾਂ **www.1800RESPECT.org.au** ਤੇ, **1800RESPECT** ਦੀ ਵੈਬਸਾਈਟ ਤੇ ਜਾਉ।

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?

**131 450** ਤੇ **ਅਨੁਵਾਦ ਕਰਨ ਅਤੇ ਦੁਭਾਸ਼ੀਆ ਸੇਵਾ** (**Translating and Interpreting Service** (TIS)) ਨੂੰ ਫੋਨ ਕਰੋ।TIS ਦਾ ਇੱਕ ਦੁਭਾਸ਼ੀਆ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਮਦਦ ਕਰੇਗਾ, ਪਰ TIS ਸਲਾਹ ਮਸ਼ਵਰਾ ਨਹੀਂ ਦਿੰਦੀ।ਸਾਰੀਆਂ ਕਾਲਾਂ ਮੁਫਤ ਤੇ ਗੁਪਤ ਹੁੰਦੀਆਂ ਹਨ।